# ਮਾਂ ਸ਼ੇਰਾਂਵਾਲੀ ਤੇਰੇ ਭਰੇ ਭੰਡਾਰੇ

ਮਾਂ ਸ਼ੇਰਾਂਵਾਲੀ ਤੇਰੇ ਭਰੇ ਭੰਡਾਰੇ

ਧੁਨ- ਰਾਹ ਤੱਕਦੇ ਤੇਰਾ
ਮਾਂ ਸ਼ੇਰਾਂਵਾਲੀ, ਤੇਰੇ ਭਰੇ ਭੰਡਾਰੇ।
ਆ ਦਰ ਤੇ ਬੈਠੇ, ਸਭ ਭਗਤ ਪਿਆਰੇ॥
ਖੜੇ ਦਰ ਤੇ ਤੇਰੇ, ਅਸੀਂ ਬਣ ਕੇ ਸਵਾਲੀ।
ਮਾਂ ਚਿੰਤਾਪੁਰਨੀ, ਨਾ ਮੋੜੀ ਖ਼ਾਲੀ।
ਮਾਂ ਭਰਦੇ ਝੋਲੀ, ਨਾ ਮੋੜੀ ਖ਼ਾਲੀ।

ਮਾਂ ਪੂਜੇ ਤੈਨੂੰ, ਏਹ ਦੁਨੀਆਂ ਸਾਰੀ।
ਤੂੰ ਤਾਂ ਭਗਤਾਂ ਨੂੰ, ਲੱਗੇ ਪਿਆਰੀ।
ਹਰ ਪਾਸੇ ਮਈਆ, ਹੁਣ ਰਹੇ ਖੁਸ਼ਹਾਲੀ।
ਮਾਂ ਚਿੰਤਾਪੁਰਨੀ, ਨਾ ਮੋੜੀ ਖ਼ਾਲੀ।
ਮਾਂ ਭਰਦੇ ਝੋਲੀ, ਨਾ ਮੋੜੀ ਖ਼ਾਲੀ।
ਮਾਂ ਸ਼ੇਰਾਂਵਾਲੀ, ਤੇਰੇ ਭਰੇ......

ਅਸੀਂ ਤੇਰੇ ਬਾਝੋਂ, ਦੁੱਖ ਦੱਸਣਾ ਕੀਹਨੂੰ।
ਗੁਣ ਗਾਉਂਦਾ ਤੇਰੇ, ਮਾਂ ਤਾਰੇ ਜੀਹਨੂੰ।
ਸਾਰੀ ਦੁਨੀਆਂ ਦੀ, ਇੱਕ ਤੂੰ ਹੈ ਪਾਲੀ।
ਮਾਂ ਚਿੰਤਾਪੁਰਨੀ, ਨਾ ਮੋੜੀ ਖ਼ਾਲੀ।
ਮਾਂ ਭਰਦੇ ਝੋਲੀ, ਨਾ ਮੋੜੀ ਖ਼ਾਲੀ।
ਮਾਂ ਸ਼ੇਰਾਂਵਾਲੀ, ਤੇਰੇ ਭਰੇ......

ਮਾਂ ਬੱਚੜਾ ਤੇਰਾ, ਹੁਣ ਦਰ ਤੇ ਆਇਆ।
ਕਰ ਨਜ਼ਰ ਮੇਹਰ ਦੀ, ਤੂੰ ਆਪ ਬੁਲਾਇਆ।
ਹਰ ਵੇਲੇ ਉਸਦੀ, ਹੁਣ ਕਰ ਰੱਖਵਾਲੀ।
ਮਾਂ ਚਿੰਤਾਪੁਰਨੀ, ਨਾ ਮੋੜੀ ਖ਼ਾਲੀ।
ਮਾਂ ਭਰਦੇ ਝੋਲੀ, ਨਾ ਮੋੜੀ ਖ਼ਾਲੀ।
ਮਾਂ ਸ਼ੇਰਾਂਵਾਲੀ, ਤੇਰੇ ਭਰੇ...... ।
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33208/title/MAA-SHERANWALI-TERE-BHARE-BHANDARE

अपने Android मोबाइल पर BhajanGanga App डाउनलोड करें और भजनों का आनंद ले |